ਪੜ੍ਹੋ ਪੰਜਾਬ

ਪ੍ਰੀ-ਪ੍ਰਾਇਮਰੀ ਸ਼੍ਰੇਣੀਆਂ ਲਈ

ਪੜ੍ਹਾਓ ਪੰਜਾਬ

# ਮਾਣੋ ਦੀ ਚੋਰੀ



ਸਕੂਲ ਸਿੱਖਿਆ ਵਿਭਾਗ, ਪੰਜਾਬ

ਪੜ੍ਹੋ ਪੰਜਾਬ ਪੜ੍ਹਾਓ ਪੰਜਾਬ

ਪ੍ਰੀ-ਪ੍ਰਾਇਮਰੀ ਸ਼੍ਰੇਣੀਆਂ ਲਈ

# ਮਾਣੋ ਦੀ ਚੋਰੀ


ਲੇਖਕ
ਤਾਨਿਆ ਲੂਥਰ ਅੱਗਰਵਾਲ

ਪੰਜਾਬੀ ਅਨੁਵਾਦ
ਐੱਸ. ਵਕੀਲ

ਚਿੱਤਰ
ਪਾਰਥੋ ਸੇਨਗੁਪਤਾ

ਚਿੱਤਰ ਸੰਪਾਦਕ
ਪਵਨਦੀਪ ਕੌਰ

ਰਾਣੋ ਅਤੇ ਬੰਟੀ ਨੂੰ ਆਪਣੇ ਨਾਨਾ ਜੀ ਦੀ ਝੂਲਾ-ਕੁਰਸੀ ’ਤੇ
ਬੈਠ ਕੇ ਪੜ੍ਹਨ ਵਿੱਚ ਬਹੁਤ ਮਜ਼ਾ ਆਉਂਦਾ ਸੀ।
ਇੱਕ ਦਿਨ ਪੰਨੇ ਉਲਟਾਉਂਦੇ ਹੋਏ ਰਾਣੋ ਬੋਲੀ,
“ਇਸ ਸ਼ੇਰ ਨੂੰ ਤਾਂ ਦੇਖ ਬੰਟੀ।”
“ਕਿੰਨੀ ਛੋਟੀ ਜਿਹੀ ਤਸਵੀਰ ਹੈ! ਰਾਣੋ,
ਉਹ ਨਾਨਾ ਜੀ ਦਾ ਸ਼ੀਸ਼ਾ ਤਾਂ ਲਿਆਉਣਾ,
ਜਿਸ ਨਾਲ਼ ਸਭ ਵੱਡਾ-ਵੱਡਾ ਦਿਖਾਈ ਦਿੰਦਾ ਹੈ”,
ਬੰਟੀ ਨੇ ਕਿਹਾ।





ਸ਼ੀਸ਼ਾ ਹੱਥ ਵਿੱਚ ਆਉਂਦੇ ਹੀ ਬੰਟੀ ਉਸਨੂੰ ਅੱਗੇ-ਪਿੱਛੇ ਕਰਨ ਲੱਗਿਆ। ਜਦੋਂ ਸ਼ੇਰ ਬਹੁਤ ਵੱਡਾ ਦਿਖਾਈ ਦੇਣ ਲੱਗਿਆ ਤਾਂ ਬੰਟੀ ਬੋਲਿਆ,

“ਰਾਣੋ ਦੇਖ! ਸ਼ੇਰ ਤਾਂ ਹੋਰ ਵੱਡਾ ਹੁੰਦਾ ਜਾ ਰਿਹਾ ਹੈ!”

“ਓਹ! ਇਹ ਤਾਂ ਹਿੱਲ ਵੀ ਰਿਹਾ ਹੈ, ਬੰਟੀ!” ਰਾਣੋ ਨੇ ਕਿਹਾ।



ਤਦ ਰਾਣੋ ਅਤੇ ਬੰਟੀ ਨੇ ਸ਼ੀਸ਼ਾ
ਥੱਲੇ ਰੱਖਿਆ ਤਾਂ ਕੀ ਦੇਖਦੇ ਹਨ?
ਉਹ ਇੱਕ ਬਹੁਤ ਹੀ ਲੰਮੇ-ਚੌੜੇ ਸ਼ੇਰ ਦੇ
ਸਾਹਮਣੇ ਖੜ੍ਹੇ ਹਨ।

ਸ਼ੇਰ ਨੇ ਆਪਣਾ ਵੱਡਾ ਮੂੰਹ ਖੋਲ੍ਹਿਆ ਅਤੇ ਬੋਲਿਆ,

"ਮਿ... ਆ...ਊਂ।"

"ਕੀ ਹੋਇਆ ਸ਼ੇਰ ਵੀਰੇ? ਤੁਸੀਂ ਬਿੱਲੀ ਦੀ ਅਵਾਜ਼ ਕਿਉਂ ਕੱਢ ਰਹੇ ਹੋ?" ਰਾਣੋ ਨੇ ਪੁੱਛਿਆ।





"ਕੀ ਕਰਾਂ? ਹੋਇਆ ਇੰਝ ਕਿ ਮੇਰੀ ਭੈਣ ਹੈ ਨਾ ਬਿੱਲੀ, ਉਹ ਅਤੇ ਮੈਂ ਕੱਲ੍ਹ ਝੀਲ 'ਤੇ ਗਏ ਸੀ। ਦੋਵਾਂ ਨੇ ਉੱਥੋਂ ਦਾ ਪਾਣੀ ਪੀਤਾ। ਬਸ, ਮੈਨੂੰ ਉਸਦੀ 'ਮਿਆਊਂ' ਮਿਲ ਗਈ ਅਤੇ ਉਸਨੂੰ ਮੇਰੀ 'ਦਹਾੜ'।" ਸ਼ੇਰ ਨੇ ਦੱਸਿਆ।

"ਇਹ ਤਾਂ ਬਹੁਤ ਬੁਰਾ ਹੋਇਆ ਸ਼ੇਰ ਵੀਰੇ। ਤੁਹਾਡੀ ਬਿੱਲੀ ਭੈਣ ਕਿੱਥੇ ਮਿਲੇਗੀ?" ਬੰਟੀ ਨੇ ਪੁੱਛਿਆ।

"ਕਿਸੇ ਦਰੱਖ਼ਤ 'ਤੇ ਬੈਠੀ ਡਰਾ ਰਹੀ ਹੋਵੇਗੀ ਚਿੜੀਆਂ ਨੂੰ।" ਸ਼ੇਰ ਨੇ ਜਵਾਬ ਦਿੱਤਾ।

"ਚੱਲ ਰਾਣੋ, ਸ਼ੇਰ ਵੀਰੇ ਨੂੰ ਉਨ੍ਹਾਂ ਦੀ ਗਰਜ ਵਾਪਸ ਦੁਆਈਏ।" ਬੰਟੀ ਬੋਲਿਆ।





“ਸਾਡੇ ਨਾਲ਼ ਚੱਲੋ, ਸ਼ੇਰ ਵੀਰੇ।”, ਰਾਣੋ ਨੇ ਕਿਹਾ। ਤਦੇ ਉਨ੍ਹਾਂ ਨੂੰ ਦਹਾੜ ਸੁਣਾਈ ਦਿੱਤੀ, ਜਿਸ ਦੀ ਉਨ੍ਹਾਂ ਨੂੰ ਭਾਲ ਸੀ। ਉਹ ਉਸਨੂੰ ਇੱਧਰ-ਉੱਧਰ ਲੱਭਣ ਲੱਗੇ। ਆਖ਼ਰ ਉਨ੍ਹਾਂ ਨੂੰ ਬਿੱਲੀ ਮਿਲ ਹੀ ਗਈ। ਦਰੱਖ਼ਤ ਦੇ ਉੱਚੇ ਟਹਿਣੇ ’ਤੇ ਬੈਠੀ।





“ਬਿੱਲੀ ਮਾਸੀ, ਬੜੀ ਭਿਆਨਕ ਦਹਾੜ ਹੈ ਤੁਹਾਡੀ।” ਰਾਣੋ ਨੇ ਕਿਹਾ। “ਉਹ ਤਾਂ ਹੈ ਅਤੇ ਸ਼ੇਰ ਨੂੰ ਮਿਲ ਗਈ ਮੇਰੀ ਪਤਲੀ ਜਿਹੀ ਮਿਆਊਂ। ਹੁਣ ਤਾਂ ਮੈਂ ਸਾਰੀਆਂ ਚਿੜੀਆਂ ਅਤੇ ਜਾਨਵਰਾਂ ਨੂੰ ਡਰਾ ਸਕਦੀ ਹਾਂ।” ਬਿੱਲੀ ਨੇ ਕਿਹਾ।




"ਸੁਣੋ ਬਿੱਲੀ ਮਾਸੀ। ਸ਼ੇਰ ਵੀਰੇ ਨੂੰ ਆਪਣੀ ਦਹਾੜ ਦੀ ਜ਼ਰੂਰਤ ਹੈ।
ਉਨ੍ਹਾਂ ਨੂੰ ਵਾਪਸ ਦੇ ਦਿਉ, ਉਨ੍ਹਾਂ ਦੀ ਦਹਾੜ।" ਬੰਟੀ ਨੇ ਬੇਨਤੀ ਕੀਤੀ।
ਬੋਲਦੇ ਹੋਏ ਬੰਟੀ ਦੇ ਮੂੰਹ 'ਚੋਂ ਨਿਕਲ਼ਿਆ, "ਆ...ਛੂ...ਊ...।"
ਫੇਰ ਇੱਕ ਵਾਰ ਹੋਰ ਅਤੇ ਕਈ ਵਾਰ ਹੋਰ।



“ਬਸ ਕਰੋ, ਬੰਟੀ। ਤੂੰ ਤਾਂ ਮੈਨੂੰ ਵੀ....ਆ....ਛੂ... ਊ....”

ਰਾਣੋ ਦੀ ਵੀ ਛਿੱਕ ਨਿਕਲੀ।

ਇੱਕ ਵਾਰ ਹੋਰ, ਇੱਕ ਹੋਰ, ਕਈ ਵਾਰ ਹੋਰ।



ਕੋਈ ਕੁਝ ਕਹੇ ਇਸ ਤੋਂ ਪਹਿਲਾਂ ਸਾਰੇ ਛਿੱਕਣ ਲੱਗੇ
–ਪਹਿਲਾਂ ਬਿੱਲੀ, ਫੇਰ ਸ਼ੇਰ.... ਆ...ਛੂ... ਊ...! ਇੱਕ ਦੀ ਛਿੱਕ
ਮਿਆਊਂ ਵਰਗੀ, ਇੱਕ ਦੀ ਦਹਾੜ ਵਰਗੀ!
ਫੇਰ ਇੱਕ ਵਾਰ ਹੋਰ, ਇੱਕ ਹੋਰ, ਕਈ ਵਾਰ ਹੋਰ!
ਸਭ ਇੱਕ–ਦੂਜੇ ਨੂੰ ਦੇਖ ਕੇ
ਸੁੜ–ਸੁੜ ਕਰਨ ਲੱਗੇ



ਸ਼ੇਰ ਨੇ ਮਿਆਊਂ ਬੋਲਣ ਦੀ ਕੋਸ਼ਿਸ਼ ਕੀਤੀ ਤਾਂ ਮੂੰਹ 'ਚੋਂ ਨਿਕਲੀ ਜ਼ੋਰਦਾਰ ਦਹਾੜ ਅਤੇ ਬਿੱਲੀ ਗਰਜਣ ਲੱਗੀ ਤਾਂ ਨਿਕਲ਼ੀ ਪਤਲੀ ਜਿਹੀ ਮਿਆਊਂ! ਰਾਣੋ ਨੇ ਤਾੜੀ ਵਜਾਈ ਅਤੇ ਹੱਸਣ ਲੱਗੀ, "ਸ਼ੇਰ ਵੀਰੇ, ਤੁਹਾਡੀ ਦਹਾੜ ਤਾਂ ਵਾਪਸ ਆ ਗਈ।"

"ਹਾਂ ਹਾਂ, ਬਹੁਤ-ਬਹੁਤ ਸ਼ੁਕਰੀਆ! ਧੰਨਵਾਦ!" ਸ਼ੇਰ ਨੇ ਕਿਹਾ।


ਪਰ ਬਿੱਲੀ ਮਾਸੀ ਖੁਸ਼ ਨਹੀਂ ਸੀ।

“ਬਿੱਲੀ ਮਾਸੀ, ਤੁਹਾਡੀ ਮਿਆਊਂ ਤਾਂ ਮਿੱਠੀ ਹੈ।”
ਬੰਟੀ ਨੇ ਕਿਹਾ।

“ਸੱਚ? ਕਿੰਨੇ ਚੰਗੇ ਹੋ ਤੁਸੀਂ।”
ਬਿੱਲੀ ਮਾਸੀ ਖਿੜ ਉੱਠੀ।



ਰਾਣੋ ਅਤੇ ਬੰਟੀ ਨੇ ਬਿੱਲੀ ਨੂੰ ਧਿਆਨ ਨਾਲ਼ ਦੇਖਣ ਲਈ ਆਪਣਾ ਸ਼ੀਸ਼ਾ ਅੱਗੇ-ਪਿੱਛੇ ਕੀਤਾ ਤਾਂ ਉਹ ਛੋਟੀ, ਹੋਰ ਛੋਟੀ ਹੁੰਦੀ ਗਈ।



ਅਤੇ ਦੋਵਾਂ ਨੇ ਕੀ ਦੇਖਿਆ? ਉਹ ਤਾਂ ਨਾਨਾ ਜੀ ਦੀ ਝੂਲਾ ਕੁਰਸੀ 'ਤੇ ਮਜ਼ੇ ਨਾਲ਼ ਝੂਟ ਰਹੇ ਸਨ!



ਰਾਣੋ ਅਤੇ ਬੰਟੀ ਦਾਦਾ ਜੀ ਦੀ ਝੂਲਾ ਕੁਰਸੀ 'ਤੇ ਬੈਠੇ-ਬੈਠੇ ਲੰਮੀ ਉਡਾਣ ਭਰ ਲੈਂਦੇ ਹਨ। ਉਨ੍ਹਾਂ ਦੇ ਨਵੇਂ ਦੋਸਤ, ਸ਼ੇਰ ਅਤੇ ਬਿੱਲੀ ਨੂੰ ਮਿਲੋ।

***Mano di Chori*** (Punjabi), adaptation of translation by S. Waqeel, text and illustrations adapted from original story ***A Miaow and A Roar*** (English), written by Tanya Luther Agarwal, illustrated by Partho Sengupta, published by Pratham Books (© Pratham Books, 2006) under a CC BY 4.0 license on StoryWeaver. Read, create and translate stories for free on www.storyweaver.org.in

PRATHAM BOOKS storyweaver

StoryWeaver is a digital repository of multilingual stories for children from Pratham Books. Now, every child can have access to an endless stream of stories in her mother tongue to read and enjoy.

PRATHAM BOOKS

A Book in Every Child's Hand

Pratham Books is a not-for-profit organization that publishes books in multiple Indian languages to promote reading among children.

PRATHAM

Pratham is an innovative learning organization created to improve the quality of education in India.

ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਬਲਾਕ-ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ ਨਗਰ, ਮੁਹਾਲੀ